General Certificate of Education
Advanced Subsidiary Examination
June 2013

# Panjabi PANJ1

**Unit 1 Reading and Writing**

# Insert

**Text to be used when answering Section 1**

A

Text for use with **Section 1**

(ੳ)

## ਯਮਲਾ ਜੱਟ ਤੇ ਪੰਜਾਬੀ ਸੰਗੀਤ

ਪੰਜਾਬੀ ਸੰਗੀਤ ਦੀ ਦੁਨੀਆਂ ਵਿੱਚ ਤੂੰਬੀ ਨਾਲ ਗਾਉਣ ਵਾਲੇ ਯਮਲੇ ਜੱਟ ਦੇ ਨਾਂ ਨੂੰ ਕੌਣ ਨਹੀਂ ਜਾਣਦਾ ! ਜਦੋਂ ਯਮਲਾ ਗਾਉਂਦਾ ਸੀ ਤਾਂ ਉਸਦੇ ਅਖਾੜੇ ਦੇਖਣ ਲਈ ਪਿੰਡਾਂ ਦੇ ਪਿੰਡ ਜੁੜ ਜਾਂਦੇ ਸਨ ਤੇ ਕੋਈ ਵੀ ਆਪਣੀ ਮਾਂ, ਧੀ ਜਾਂ ਭੈਣ ਨੂੰ ਯਮਲੇ ਦੇ ਅਖਾੜੇ ਵਿੱਚ ਲੈ ਕੇ ਜਾਣ ਤੋਂ ਡਰਦਾ ਨਹੀਂ ਸੀ। ਬੱਚੇ, ਮਾਂਵਾਂ, ਭੈਣਾਂ ਅਤੇ ਬਜ਼ੁਰਗ ਯਮਲੇ ਦੇ ਅਖਾੜੇ ਦੀ ਪਹਿਲੀ ਕਤਾਰ ਵਿੱਚ ਬੈਠੇ ਹੁੰਦੇ ਸਨ।

ਯਮਲਾ ਜੱਟ ਆਪਣੇ ਸੰਗੀਤਕ ਸਫਰ ਦੇ ਆਰੰਭ ਵਿੱਚ ਸਾਈਕਲ ਤੇ ਆਸਪਾਸ ਦੇ ਪਿੰਡਾਂ ਵਿੱਚ ਅਖਾੜੇ ਲਾਉਣ ਜਾਂਦਾ ਹੁੰਦਾ ਸੀ। ਉਹ ਆਪਣੇ ਗੀਤਾਂ ਰਾਹੀਂ ਪੰਜਾਬੀ ਮਾਂ ਬੋਲੀ ਦੀ ਇੰਨੀ ਸੇਵਾ ਕਰ ਗਿਆ ਕਿ ਆਉਣ ਵਾਲੀਆਂ ਪੀੜ੍ਹੀਆਂ ਉਸ ਨੂੰ ਹਮੇਸ਼ਾ ਯਾਦ ਰੱਖਣਗੀਆਂ।

ਯਮਲੇ ਦੇ ਨਾਲ ਗਾਉਣ ਵੇਲੇ ਨਾ ਤਾਂ ਨੱਚਣ ਵਾਲੀਆਂ ਕੁੜੀਆਂ ਦਾ ਟੋਲਾ ਹੁੰਦਾ ਸੀ ਅਤੇ ਨਾ ਹੀ ਉਸ ਦੇ ਗੀਤਾਂ ਦੇ ਬੋਲ ਅਸ਼ਲੀਲ ਹੁੰਦੇ ਸਨ। ਉਹ ਕਦੇ ਵੀ ਸਟੇਜ ਤੇ ਟਪੂਸੀਆਂ ਨਹੀਂ ਸੀ ਮਾਰਦਾ ਸਗੋਂ ਟਿਕ ਕੇ ਮਸਤੀ ਵਿੱਚ ਗਾਉਂਦਾ ਸੀ। ਸਾਰੀ ਉਮਰ ਉਸ ਨੇ ਚਿੱਟਾ ਕੁੜਤਾ ਪਾ ਕੇ, ਚਾਦਰਾ ਲਾ ਕੇ ਗਾਉਣ ਵੇਲੇ ਸਿਰ ਤੋਂ ਪੱਗ ਨਹੀਂ ਲਾਹੀ। ਸ਼ਾਨ ਨਾਲ ਮਾਵੇ ਵਾਲੀ ਪੱਗ ਤੇ ਤੁਰਲਾ ਛੱਡ ਕੇ ਜਦੋਂ ਵੀ ਸਟੇਜ ਤੇ ਚੜ੍ਹਦਾ ਤਾਂ ਲੋਕਾਂ ਦੇ ਦਿਲਾਂ ਤੇ ਰਾਜ ਕਰਦਾ ਹੋਇਆ ਉਹ ਪੂਰਾ ਮੇਲਾ ਹੀ ਲੁੱਟ ਕੇ ਲੈ ਜਾਂਦਾ।

Text for use with **Section 1**

(ਅ)

## ਪੰਜਾਬੀ ਵਿਰਸਾ

ਇਹ ਸੱਚ ਹੈ ਕਿ ਜੀਵਨ ਦੀਆਂ ਕਦਰਾਂ ਕੀਮਤਾਂ ਸਮੇਂ ਦੀ ਲੋੜ ਅਨੁਸਾਰ ਬਦਲਦੀਆਂ ਰਹਿੰਦੀਆਂ ਹਨ। ਮੀਡੀਆ ਦੇ ਤੇਜ਼ ਪ੍ਰਸਾਰ ਨੇ ਸਾਡੀ ਸੋਚ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਸਾਡਾ ਪੰਜਾਬੀ ਸਭਿਆਚਾਰ, ਪਹਿਰਾਵਾ ਅਤੇ ਖਾਣ ਪੀਣ ਯਕੀਨਨ ਨਵੇਂ ਮੋੜ ਤੇ ਆ ਖੜੇ ਹਨ। ਉਹ ਦਿਨ ਦੂਰ ਨਹੀਂ ਜਦੋਂ ਸਲਵਾਰ ਕਮੀਜ਼ ਤੇ ਚੁੰਨੀ ਸਿਰਫ ਅਜਾਇਬ ਘਰ ਵਿੱਚ ਹੀ ਦੇਖਣ ਨੂੰ ਮਿਲਣਗੇ।

ਹੁਣ ਸਭ ਤੋਂ ਵੱਡੀ ਚਿੰਤਾ ਦੀ ਗੱਲ ਇਹ ਹੈ ਕਿ ਕਿਤੇ ਵਿਸ਼ਵੀਕਰਨ (globalisation) ਦੀ ਹਨ੍ਹੇਰੀ ਸਾਡੇ ਸਭਿਆਚਾਰ ਅਤੇ ਜੀਵਨ ਦੀਆਂ ਚੰਗੀਆਂ ਕਦਰਾਂ ਕੀਮਤਾਂ ਨੂੰ ਉਡਾ ਕੇ ਹੀ ਨਾ ਲੈ ਜਾਵੇ । ਵਿਸ਼ਵੀਕਰਨ ਦੇ ਅਸਰ ਹੇਠ ਪੰਜਾਬੀ ਵਿਰਸਾ ਤੇ ਕਦਰਾਂ ਕੀਮਤਾਂ ਬਰਬਾਦ ਨਹੀਂ ਹੋਣੀਆਂ ਚਾਹੀਦੀਆਂ ਸਗੋਂ ਇਨ੍ਹਾਂ ਨੂੰ ਬਚਾ ਕੇ ਰੱਖਣਾ ਚਾਹੀਦਾ ਹੈ। ਮੀਡੀਆ ਰਾਹੀਂ ਪੇਸ਼ ਕੀਤੀਆਂ ਜਾ ਰਹੀਆਂ ਕਦਰਾਂ ਕੀਮਤਾਂ ਦੀਆਂ ਮਾੜੀਆਂ ਉਦਾਹਰਣਾਂ ਨੂੰ ਨਿੰਦਣਾ ਚਾਹੀਦਾ ਹੈ। ਟੀ. ਵੀ. ਚੈਨਲਾਂ ਦੀ ਸਮਾਜ ਪ੍ਰਤੀ ਇਹ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਪ੍ਰੋਗਰਾਮਾਂ ਰਾਹੀਂ ਸਭਿਆਚਾਰ ਦੀ ਸੰਭਾਲ ਲਈ ਵਧੀਆ ਸੁਨੇਹੇ ਦੇਣ।

ਜੇ ਅਸੀਂ ਸਮੇਂ ਸਿਰ ਇਸ ਬਾਰੇ ਕੁਝ ਨਾ ਕੀਤਾ ਤਾਂ ਸੰਭਵ ਹੈ ਕਿ ਵਿਸ਼ਵੀਕਰਨ ਸਾਡੀ ਪਛਾਣ ਨੂੰ ਧੁੰਦਲਾ ਕਰ ਦੇਵੇਗਾ। ਆਉਣ ਵਾਲੀਆਂ ਪੀੜ੍ਹੀਆਂ ਇਸ ਲਈ ਅੱਜ ਦੇ ਸਮਾਜ ਨੂੰ ਜ਼ਿੰਮੇਵਾਰ ਠਹਿਰਾਉਣਗੀਆਂ। ਆਓ, ਪਹਿਲਾਂ ਆਪ ਚੰਗੀਆਂ ਕਦਰਾਂ ਕੀਮਤਾਂ ਨੂੰ ਅਪਣਾਈਏ, ਨੌਜਵਾਨਾਂ ਨੂੰ ਚੰਗੇ ਰੋਲ ਮਾਡਲ ਬਣ ਕੇ ਦੱਸੀਏ ਅਤੇ ਸਭਿਆਚਾਰਕ ਮੇਲਿਆਂ ਦਾ ਪ੍ਰਬੰਧ ਕਰੀਏ ਕਿਉਂਕਿ ਉਤਸ਼ਾਹ ਅਤੇ ਯਤਨਾਂ ਤੋਂ ਬਿਨਾਂ ਕੁਝ ਵੀ ਪ੍ਰਾਪਤ ਨਹੀਂ ਹੋਣਾ।

**There are no questions printed on this page**

Copyright © 2013 AQA and its licensors. All rights reserved.